# ਕੈਨੇਡਾ ਡੈਂਟਲ ਬੇਨਫਿਟ (Canada Dental Benefit)

# Factsheet

ਦੰਦਾਂ ਦਾ ਸੜਨਾ ਕੈਨੇਡਾ ਅਤੇ ਦੁਨੀਆ ਭਰ ਵਿੱਚ ਸਭ ਤੋਂ ਆਮ, ਪਰ ਰੋਕਥਾਮਯੋਗ, ਬਚਪਨ ਦੀ ਪੁਰਾਣੀ ਬਿਮਾਰੀ ਹੈ। ਮੂੰਹ ਦੀਆਂ ਬਿਮਾਰੀਆਂ ਅਕਸਰ ਪ੍ਰੀਸਕੂਲ ਦੇ ਸਾਲਾਂ ਵਿੱਚ ਸ਼ੁਰੂ ਹੁੰਦੀਆਂ ਹਨ, ਇਹ ਕਾਰਨ ਹੈ ਕਿ ਜਲਦੀ ਤੋਂ ਜਲਦੀ ਸੰਭਵ ਤੌਰ ਤੇ ਮੂੰਹ ਦੀ ਸਫ਼ਾਈ ਦੇ ਚੰਗੇ ਵਿਵਹਾਰ ਨੂੰ ਸਥਾਪਿਤ ਕਰਨਾ ਬਹੁਤ ਮਹੱਤਵਪੂਰਨ ਹੈ।

ਕੈਨੇਡਾ ਸਰਕਾਰ ਨੇ ਅੰਤਰਿਮ **ਕੈਨੇਡਾ ਡੈਂਟਲ ਬੇਨਫਿਟ** ਲਾਗੂ ਕੀਤਾ ਹੈ, ਜੋ ਕਿ ਕੈਨੇਡੀਅਨ ਪਰਿਵਾਰਾਂ ਨੂੰ ਦੰਦਾਂ ਦੀ ਦੇਖਭਾਲ ਤੱਕ ਪਹੁੰਚ ਕਰਨ ਵਿੱਚ ਮਦਦ ਕਰਨ ਲਈ ਕੁਝ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਲਾਭ ਦੇ ਨਾਲ, ਪਰਿਵਾਰ ਦੰਦਾਂ ਦੀ ਕੁਝ ਬੁਨਿਆਦੀ ਦੇਖਭਾਲ ਨੂੰ ਸੰਬੋਧਿਤ ਕਰਨਾ ਸ਼ੁਰੂ ਕਰ ਸਕਦੇ ਹਨ, ਜਿਸਦੀ ਉਹਨਾਂ ਦੇ ਛੋਟੇ ਬੱਚਿਆਂ ਨੂੰ ਉਦੋਂ ਜ਼ਰੂਰਤ ਹੁੰਦੀ ਹੈ, ਜਦੋਂ ਸਰਕਾਰ ਲੰਮੇ ਸਮੇਂ ਲਈ ਕੈਨੇਡੀਅਨ ਦੰਦਾਂ ਦੀ ਦੇਖਭਾਲ ਸੰਬੰਧੀ ਪ੍ਰੋਗਰਾਮ ਨੂੰ ਵਿਕਸਤ ਕਰਨ ਦੀਆਂ ਆਪਣੇ ਕਾਰਜਾਂ ਨੂੰ ਜਾਰੀ ਰੱਖਦੀ ਹੈ।

## ? ਕੀ ਲਾਭ ਹਨ?

ਅੰਤਰਿਮ ਕੈਨੇਡਾ ਡੈਂਟਲ ਬੇਨਫਿਟ 12 ਸਾਲ ਤੋਂ ਘੱਟ ਉਮਰ ਦੇ ਪ੍ਰਤੀ ਯੋਗ ਬੱਚੇ ਨੂੰ **$650 ਤੱਕ**, ਦੋ ਸਾਲਾਂ ਲਈ ਪ੍ਰਤੀ ਸਾਲ ਭੁਗਤਾਨ ਪ੍ਰਦਾਨ ਕਰਦਾ ਹੈ।

**$650**

ਜੇਕਰ ਪਰਿਵਾਰ ਦੀ ਕੁੱਲ ਆਮਦਨ $70,000 ਤੋਂ ਘੱਟ ਹੈ

**$390**

$70,000 ਅਤੇ $79,999 ਦੇ ਵਿੱਚਕਾਰ ਹੈ

**$260**

ਜੇਕਰ ਪਰਿਵਾਰ ਦੀ ਆਮਦਨ $80,000 ਅਤੇ $89,999 ਦੇ ਵਿੱਚਕਾਰ ਹੈ

ਲਾਭ ਦੀ ਵਰਤੋਂ ਕਿਸੇ ਵੀ ਨਿਯਮਿਤ ਦੰਦਾਂ ਦੇ ਪੇਸ਼ੇਵਰ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਦੰਦਾਂ ਦੀ ਕਿਸੇ ਵੀ ਦੇਖਭਾਲ ਲਈ ਕੀਤੀ ਜਾ ਸਕਦੀ ਹੈ।

## ਕੌਣ ਆਵੇਦਨ ਕਰ ਸਕਦਾ ਹੈ?

ਮਾਤਾ-ਪਿਤਾ/ਸਰਪ੍ਰਸਤ:

- ਜਿਨ੍ਹਾਂ ਕੋਲ 1 ਦਸੰਬਰ, 2022 ਤੱਕ 12 ਸਾਲ ਤੋਂ ਘੱਟ ਉਮਰ ਦਾ ਬੱਚਾ ਹੈ, ਜਿਸ ਕੋਲ ਦੰਦਾਂ ਦੀ ਨਿੱਜੀ ਦੇਖਭਾਲ ਬੀਮੇ ਤੱਕ ਪਹੁੰਚ ਨਹੀਂ ਹੈ।
- ਜਿਨ੍ਹਾਂ ਦੀ ਪਰਿਵਾਰਕ ਕੁੱਲ ਆਮਦਨ $90,000 ਪ੍ਰਤੀ ਸਾਲ ਤੋਂ ਘੱਟ ਹੈ।
- ਜਿਨ੍ਹਾਂ ਨੇ ਆਪਣੀ ਸਭ ਤੋਂ ਹਾਲੀਆ ਇਨਕਮ ਟੈਕਸ ਰਿਟਰਨ ਫ਼ਾਈਲ ਕੀਤੀ ਹੈ—ਰਿਟਰਨ ਫ਼ਾਈਲ ਕਰਨ ਦੇ ਤਰੀਕੇ ਬਾਰੇ ਹੋਰ ਜਾਣਕਾਰੀ ਲਈ, Canada.ca/doing-your-taxes ਤੇ ਜਾਓ।
- ਹਰੇਕ ਯੋਗ ਬੱਚੇ ਲਈ ਕੈਨੇਡਾ ਚਾਈਲਡ ਬੇਨਫਿਟ (Canada Child Benefit) ਪ੍ਰਾਪਤ ਕੀਤਾ ਹੈ।
- ਜਿਨ੍ਹਾਂ ਦੇ ਜਿੰਨ੍ਹਾ ਨੇ ਹਰੇਕ ਯੋਗ ਬੱਚੇ ਲਈ ਦੰਦਾਂ ਦੀ ਦੇਖਭਾਲ ਦੇ ਖਰਚੇ ਹੋਏ ਹਨ ਜਾਂ ਹੋਣਗੇ, ਜਿਨ੍ਹਾਂ ਦਾ ਕਿਸੇ ਹੋਰ ਸੰਘੀ, ਸੂਬਾਈ ਜਾਂ ਖੇਤਰੀ ਸਰਕਾਰ ਦੇ ਪ੍ਰੋਗਰਾਮ ਅਧੀਨ ਪੂਰੀ ਤਰ੍ਹਾਂ ਅਦਾਇਗੀ ਨਹੀਂ ਕੀਤੀ ਗਈ ਹੈ।

## ਤੁਸੀਂ ਕਿਵੇਂ ਆਵੇਦਨ ਕਰ ਸਕਦੇ ਹੋ?

ਕੈਨੇਡਾ ਰੈਵੇਨਿਊ ਏਜੰਸੀ ਮਾਯ ਅਕਾਊਂਟ **(Canada Revenue Agency (CRA) My Account)** ਕੈਨੇਡਾ ਡੈਂਟਲ ਬੇਨਫਿਟ ਲਈ ਅਪਲਾਈ ਕਰਨ ਦਾ ਸਭ ਤੋਂ ਹਾਲੀਆ, ਆਸਾਨ ਅਤੇ ਸਭ ਤੋਂ ਸੁਰੱਖਿਅਤ ਤਰੀਕਾ ਹੋਵੇਗਾ। ਜੇਕਰ ਤੁਹਾਡੇ ਕੋਲ ਹਾਲੇ ਤੱਕ CRA ਮਾਯ ਅਕਾਊਂਟ (My Account) ਨਹੀਂ ਹੈ, ਤਾਂ ਤੁਸੀਂ Canada.ca/my-cra-account ਤੇ ਰਜਿਸਟਰ ਕਰ ਸਕਦੇ ਹੋ।

ਤੁਹਾਨੂੰ ਆਪਣੇ ਬੱਚੇ ਦੇ ਦੰਦਾਂ ਦੀ ਦੇਖਭਾਲ ਸੰਬੰਧੀ ਪ੍ਰਦਾਤਾ(ਵਾਂ) ਦਾ ਨਾਮ ਅਤੇ ਤੁਹਾਡੇ ਰੁਜ਼ਗਾਰਦਾਤਾ ਦੀ ਜਾਣਕਾਰੀ ਸਮੇਤ ਦੰਦਾਂ ਦੀ ਦੇਖਭਾਲ ਸੰਬੰਧੀ ਮੁਲਾਕਾਤ ਬਾਰੇ ਜਾਣਕਾਰੀ ਪ੍ਰਦਾਨ ਕਰਨ ਦੀ ਜ਼ਰੂਰਤ ਹੋਵੇਗੀ।

ਜੇਕਰ ਤੁਸੀਂ ਔਨਲਾਈਨ ਅਪਲਾਈ ਕਰਦੇ ਹੋ ਅਤੇ **CRA** ਡਾਇਰੈਕਟ ਡਿਪੌਜ਼ਿਟ ਲਈ ਸਾਈਨ ਅੱਪ ਕੀਤਾ ਹੈ, ਤਾਂ ਤੁਸੀਂ ਪੰਜ ਵਪਾਰਕ ਦਿਨਾਂ ਦੇ ਅੰਦਰ ਆਪਣਾ ਭੁਗਤਾਨ ਪ੍ਰਾਪਤ ਕਰ ਸਕਦੇ ਹੋ!

ਜੇਕਰ ਤੁਸੀਂ ਕੈਨੇਡਾ ਡੈਂਟਲ ਬੇਨਫਿਟ ਲਈ ਔਨਲਾਈਨ ਆਵੇਦਨ ਕਰਨ ਵਿੱਚ ਅਸਮਰੱਥ ਹੋ, ਤਾਂ ਆਪਣੀ ਅਰਜ਼ੀ ਸ਼ੁਰੂ ਕਰਨ ਲਈ **1-800-715-8836** ਤੇ ਕਾਲ ਕਰੋ।

ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਤੁਹਾਡਾ ਸੋਸ਼ਲ ਇੰਸ਼ੋਰੈਂਸ ਨੰਬਰ (Social Insurance Number), ਪਤਾ, ਜਨਮ ਮਿਤੀ ਅਤੇ ਤੁਹਾਡੀ ਸਭ ਤੋਂ ਹਾਲੀਆ ਮੁਲਾਂਕਣ ਕੀਤੀ ਟੈਕਸ ਰਿਟਰਨ ਦੀ ਇੱਕ ਕਾਪੀ ਹੈ।

## ਤੁਸੀਂ ਕਦੋਂ ਆਵੇਦਨ ਕਰ ਸਕਦੇ ਹੋ?

ਮਾਤਾ-ਪਿਤਾ ਹੁਣ ਆਪਣੇ ਯੋਗ ਬੱਚੇ ਦੁਆਰਾ ਪ੍ਰਾਪਤ ਦੰਦਾਂ ਦੀ ਦੇਖਭਾਲ ਲਈ 1 ਅਕਤੂਬਰ, 2022 ਤੋਂ ਉਦੋਂ ਤੱਕ ਅਪਲਾਈ ਕਰ ਸਕਦੇ ਹਨ, ਜਦੋਂ ਤੱਕ ਕਿ ਉਨ੍ਹਾਂ ਦਾ ਬੱਚਾ 1 ਦਸੰਬਰ ਨੂੰ 12 ਸਾਲ ਤੋਂ ਘੱਟ ਉਮਰ ਦਾ ਹੋਵੇਗਾ। ਦੂਜੇ ਲਾਭ ਲਈ, ਮਾਤਾ-ਪਿਤਾ 1 ਜੁਲਾਈ, 2023 ਤੋਂ ਅਪਲਾਈ ਕਰ ਸਕਦੇ ਹਨ।

## ? ਜੇਕਰ ਮੈਂ ਅੰਗਰੇਜ਼ੀ ਜਾਂ ਫ੍ਰੈਂਚ ਭਾਸ਼ਾ ਨਹੀਂ ਪੜ੍ਹਦਾ/ਪੜ੍ਹਦੀ ਜਾਂ ਬੋਲਦਾ/ਬੋਲਦੀ ਹਾਂ, ਤਾਂ ਕੀ ਹੋਵੇਗਾ?

ਐਪਲੀਕੇਸ਼ਨ ਪੋਰਟਲ ਸਿਰਫ਼ ਅੰਗਰੇਜ਼ੀ ਅਤੇ ਫ੍ਰੈਂਚ ਭਾਸ਼ਾ ਵਿੱਚ ਉਪਲਬਧ ਹੈ। ਹਾਲਾਂਕਿ, ਜੇਕਰ ਤੁਹਾਨੂੰ ਐਪਲੀਕੇਸ਼ਨ ਦੌਰਾਨ ਮਦਦ ਦੀ ਜ਼ਰੂਰਤ ਹੈ, ਤਾਂ ਤੁਸੀਂ ਐਪਲੀਕੇਸ਼ਨ ਭਰਦੇ ਸਮੇਂ ਅੰਗਰੇਜ਼ੀ ਜਾਂ ਫ੍ਰੈਂਚ ਭਾਸ਼ਾ ਬੋਲਣ ਵਾਲੇ ਦੋਸਤ ਨੂੰ ਤੁਹਾਡੇ ਨਾਲ ਬੈਠਣ ਲਈ ਕਹਿ ਸਕਦੇ ਹੋ, ਜਾਂ ਜਦੋਂ ਤੁਸੀਂ **1-800-715-8836** ਤੇ ਕਾਲ ਕਰਦੇ ਹੋ, ਤਾਂ ਉਹ ਤੁਹਾਡੇ ਨਾਲ ਬੈਠ ਸਕਦੇ ਹਨ।
ਜੇਕਰ ਤੁਹਾਡੇ ਕੋਲ ਪ੍ਰਕਿਰਿਆ ਵਿੱਚ ਸਹਾਇਤਾ ਕਰਨ ਲਈ ਕੋਈ ਦੋਸਤ ਉਪਲਬਧ ਨਹੀਂ ਹੈ, ਤਾਂ CRA ਤੁਹਾਡੀ ਭਾਸ਼ਾ ਬੋਲਣ ਵਾਲੇ ਕਿਸੇ ਵਿਅਕਤੀ ਨੂੰ ਲਾਈਨ ਤੇ ਰੱਖਣ ਲਈ ਤੁਹਾਨੂੰ ਵਾਪਸ ਕਾਲ ਕਰਨ ਦਾ ਪ੍ਰਬੰਧ ਕਰ ਸਕਦਾ ਹੈ।

**ਵਧੇਰੀ ਜਾਣਕਾਰੀ ਲਈ Canada.ca/dental ਤੇ ਜਾਓ, ਜਾਂ 1-800-715-8836 ਤੇ ਕਾਲ ਕਰੋ**

Government of Canada / Gouvernement du Canada

Canada

© ਉਸਦੇ ਮੈਜਿਸਟੀ ਦਾ ਕਿੰਗ ਰਾਈਟ ਆਫ ਕੈਨੇਡਾ, ਜਿਵੇਂ ਕਿ ਸਿਹਤ ਮੰਤਰੀ, 2022 ਦੁਆਰਾ ਨੁਮਾਇੰਦਗੀ ਕੀਤੀ ਗਈ ਹੈ।
Cat.:H14-424/3-2022Pan-PDF | 978-0-660-46724-5 | Pub.: 220653